ਨੰ : ਸੀ. ਸਹਾਇਕ (ਅਮਲਾ)/ਆਰ. ਟੀ. ਆਈ. ਅਪੀਲ/ਸੰ:ਰ:ਜ:/.......... ਮਿਤੀ : .............. 8/2/19
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਵਿਸ਼ਾ :- ਆਰ. ਟੀ. ਆਈ. ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

**ਯਾਦ ਪੱਤਰ :**

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਜੀਤ ਸਿੰਘ ਬਾਜਵਾ, ਪਿੰਡ ਲੌਂਗੋਵਾਲ ਕਲਾਂ, ਡਾਕਖਾਨਾ ਪੋਲੀਟੈਕਨਿਕ ਬਟਾਲਾ-143506 ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸ਼ਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 28.12.2018 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ. ਟੀ. ਆਈ. ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ. ਵਿ. ਪੱ. ਨੰ: 51/8/2014/2 ਆਰ. ਟੀ. ਆਈ. ਐਨ. ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ. ਟੀ. ਆਈ. / 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਅਜੀਤ ਸਿੰਘ ਬਾਜਵਾ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 28.12.2018 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲੇਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

Regd

FIRST APPEAL UNDER R.T.I. ACT 2005.

14/11/2018

To

The First Appellate Authority-cum-
Joint Registrar Co.Operative Societies
Jalandhar Division, Jalandhar.

2018
3690
14/11/18

Sub: First Appeal against State PIC cum A.R.COOP Societies Amritsar-2 .

Respected Sir,

I may submit First appeal against State PIO-cum-Asstt.Registrar CO.OP.Societies,Amritsar-2 ,memo No.Sr.Asstt./AR ASR-2/3522 dated 30-10-2018,(copy + its enclosure enclosed),which is w/r to my request dated 22-09-2018( copy enclosed ).

The State PIO did not provide me the requested information,but forwarded a copy of COOP Society letter dated 25.10.2018.

I had not made the request direct to the concerned Society for supply of information, but had made the request to A.R.COOP Societies ASR-2, being the 'PUBLIC AUTHORITY' within the meaning of Section 2(h) of the Act. The Hon'ble Supreme Court of India ,no doubt has held that 'The Societies ,in those appeals (referred to in the judgment Rep.as 2013(4)RCR(Civil)912 titled as THALAPPALAN SER.COOP.BANK Ltd.AND OTHERS VERSUS STATE OF KERALA AND OTHERS ) ~~that~~ are not Public Authorities and hence not legally obliged to furnish information sought by a citizen under RTI Act .

But Sir, I had requested the Public Authority under Section 2(h) of the RTI Act 2005 i.e. A.R.C/S Amritsar-2 to supply me the requested information ,as it is permissible ,as has been held in para 52 ,under the heading'REGISTRAR OF COOPERATIVE SOCIETIES', OF Hon'ble Supreme Court of India decision,referred to above.

Briefly submitting,the Hon'ble Supreme Court of India has held in para 52 that 'Registrar of COOP Socieites ,functioning under the COOP Societies Act is a Public Authority ...

of Statutory Powers under the respective Act under which he is functioning. That he is also duty bound to comply with the obligations under the RTI Act and furnish information to a citizen .

Sir, the information requested by me is as under:-

(i). Manually recorded of Proceedings of the General Body Meeting of 'Telecom/BSNL Employees USE T/C COOP. Society Ltd; H.O. Amritsar,' held on 8th Sept. 2018.

(ii) General Body Meeting proceedings dated 8th Sept.18 ,as writtin in the Society's Proceeding Book.

(iii) Print or Prints of Vediographed Floppy/CD/Pen Drive of all the Proceedings.

Sir, although the Society is duty bound to provide access to Members ,in respect of above rec-ords, vide section 74(I) & (2) of the Punjab CO.OP. Societies Act 1961 ,but they always put one excuse or other to show me & I WANTED TO BE SURE THAT THE PROCEEDINGS ARE CORRECTLY RECORDED & ALSO SIR, IT IS IN THE INTEREST OF ALL THE SOCIETY MEMBERS.

I submit along a true copy of the Supreme Court of India 's decision in Para 52 under the Heading REGISTRAR OF CO.OPERATIVE SOCIETIES, AS REFERRED above for your kind perusal.

Sir , the State PIO had not indicated the Appellate Authority & I am submitting my Appeal to your goodself .

I appeal your goodself to kindly provide me the requested information or as your goodself may decide.

Dated 06-11-2018.

Yours Faithfully,

6/11/18

(Ajit Singh Bajwa ) Appellant

V.Longowal Kalan

P.O. Batala Polytecnic Batala

Pine Code: 143506.

Encls:

1. A.R.C/S Amritsar-2 letter dated 30-10-2018 ,alongwith Society's letter dated 25-10-2018.

1(a) Ajit Singh Bajwa application dated 22-09-2018.

2. Photostate copy of para 52 of

ਨੰ : ਸੀ. ਸਹਾਇਕ (ਅਮਲਾ)/ ਸੰ:ਰ:ਜ:/ ....872-73.....
ਵਲੋਂ,

ਮਿਤੀ : 01/02/19

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਅਜੀਤ ਸਿੰਘ ਬਾਜਵਾ,
   ਪਿੰਡ ਲੌਂਗੋਵਾਲ ਕਲਾਂ, ਡਾਕਖਾਨਾ ਪੋਲੀਟੈਕਨਿਕ ਬਟਾਲਾ-143506.
2. ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-।।.

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ। (ਵਲੋਂ ਸ੍ਰੀ ਅਜੀਤ ਸਿੰਘ ਬਾਜਵਾ)।

ਹਾਜਰੀ ਮਿਤੀ : 28.12.2018 :

ਮਿਸ ਕਾਜਲਪ੍ਰੀਤ, ਨਰੀਖਕ, ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਅਰਬਨ, ਸਰਕਲ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅੰਮ੍ਰਿਤਸਰ-।।.

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਦਰਖਾਸਤ ਮਿਤੀ : 06.11.2018 ਰਾਹੀਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-।। ਪਾਸੋਂ ਦੀ ਟੇਲੀਕਾੱਮ/ ਬੀ.ਐਸ.ਐਨ.ਐਲ. ਇੰਮਪਲਾਈਜ਼ ਯੂ.ਐਸ.ਈ. ਥਰਿਫਟ ਐਂਡ ਕਰੈਡਿਟ ਸੁਸਾਇਟੀ ਲਿਮ:, ਅੰਮ੍ਰਿਤਸਰ ਨਾਲ ਸਬੰਧਤ ਮੰਗੀ ਗਈ ਸੂਚਨਾ ਉਸਨੂੰ ਪ੍ਰਾਪਤ ਨਾ ਹੋਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਅਪੀਲ ਅਨੁਸਾਰ ਅਪੀਲਕਰਤਾ ਵਲੋਂ ਦਰਖਾਸਤ ਮਿਤੀ : 22.09.2018 ਰਾਹੀਂ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਸੀ, ਪਰੰਤੂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-।। ਨੇ ਸਭਾ ਵਲੋਂ ਲਿਖਿਆ ਗਿਆ ਪੱਤਰ ਮਿਤੀ : 25.10.2018 ਅਪੀਲਕਰਤਾ ਨੂੰ ਸਪਲਾਈ ਕੀਤਾ ਗਿਆ, ਜਿਸ ਰਾਹੀਂ ਲਿਖਿਆ ਗਿਆ ਕਿ ਸਭਾ ਇੱਕ ਪਬਲਿਕ ਅਥਾਰਟੀ ਨਹੀਂ ਹੈ, ਜਿਸ ਕਾਰਨ ਸਭਾ ਆਰ.ਟੀ.ਆਈ.ਐਕਟ-2005 ਤਹਿਤ ਕਵਰ ਨਹੀਂ ਹੁੰਦੀ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਵੱਖ-ਵੱਖ ਮਿਤੀਆ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 19.12.2018 ਨੂੰ ਅਪੀਲ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-।। ਦਫਤਰ ਵਲੋਂ ਹਾਜਰ ਆਈ ਸ੍ਰੀਮਤੀ ਅਮਰਜੀਤ ਕੌਰ, ਜੂਨੀਅਰ ਸਹਾਇਕ ਵਲੋਂ ਪੇਸ਼ ਕੀਤੇ ਗਏ ਰੀਕਾਰਡ ਤੋਂ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ

.......2.......

ਤਿੰਨ ਨੁਕਤਿਆਂ ਬਾਰੇ ਮੰਗੀ ਗਈ ਸੂਚਨਾ ਸਬੰਧੀ ਕੁੱਝ ਸਪਸ਼ਟ ਨਹੀਂ ਹੋਇਆ। ਕਰਮਚਾਰਣ ਨੂੰ ਮਿਤੀ : 28.12.2018 ਨੂੰ ਅਪੀਲ ਦੀ ਅਗਲੀ ਸੁਣਵਾਈ ਸਮੇਂ ਪ੍ਰਾਰਥੀ ਦੀ ਦਰਖਾਸਤ ਦੇ ਤਿੰਨ ਨੁਕਤਿਆਂ ਬਾਰੇ ਸਭਾ ਤੋਂ ਸੂਚਨਾ ਲੈ ਕੇ ਪੇਸ਼ ਕਰਨ ਲਈ ਹਦਾਇਤ ਕੀਤੀ ਗਈ।

ਮਿਤੀ : 28.12.2018 ਨੂੰ ਕੇਸ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-।। ਵਲੋਂ ਮਿਸ ਕਾਜਲਪ੍ਰੀਤ, ਨਰੀਖਕ ਸਹਿਕਾਰੀ ਸਭਾਵਾਂ ਵਲੋਂ ਪੇਸ਼ ਹੋਈ। ਨਰੀਖਕ ਵਲੋਂ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਮੁਕੰਮਲ ਰੀਕਾਰਡ ਪੇਸ਼ ਨਹੀਂ ਕੀਤਾ ਗਿਆ।

ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-।। ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਆਰ.ਟੀ.ਆਈ. ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 06.11.2018 ਰਾਹੀਂ ਮੰਗੀ ਗਈ ਸੂਚਨਾ ਅਨੁਸਾਰ ਦੀ ਟੇਲੀਕਾੱਮ/ ਬੀ.ਐਸ.ਐਨ.ਐਲ. ਇੰਮਪਲਾਈਜ਼ ਯੂ.ਐਸ.ਈ. ਥਰਿਫਟ ਐਂਡ ਕਰੈਡਿਟ ਸੁਸਾਇਟੀ ਲਿਮ:,ਅੰਮ੍ਰਿਤਸਰ ਨਾਲ ਸਬੰਧਤ ਸੂਚਨਾ 15 ਦਿਨਾਂ ਅੰਦਰ ਪ੍ਰਾਰਥੀ ਨੂੰ ਸਪਲਾਈ ਕਰਨੀ ਯਕੀਨੀ ਬਣਾਈ ਜਾਵੇ। ਇੰਨ੍ਹਾਂ ਹੁੱਕਮਾਂ ਨਾਲ ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।
ਮਿਤੀ : 28.12.2018.

(ਐਪੀਲਾਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।